Ph. 227258

# ਦਫ਼ਤਰ ਕਾਰਜਕਾਰੀ ਇੰਜੀਨੀਅਰ, ਪੰਚਾਇਤੀ ਰਾਜ, ਲੋਕ ਨਿਰਮਾਣ ਮੰਡਲ, ਮਾਨਸਾ

ਇਹ ਦਫ਼ਤਰ ਦਿਹਾਤੀ ਵਿਕਾਸ ਅਤੇ ਪੰਚਾਇਤ ਵਿਭਾਗ, ਪੰਜਾਬ ਦਾ ਇੱਕ ਅੰਗ ਹੈ ਅਤੇ ਜ਼ਿਲ੍ਹਾ ਪ੍ਰੀਸ਼ਦ ਮਾਨਸਾ ਦੀ ਇਮਾਰਤ ਵਿੱਚ ਸਥਿਤ ਹੈ । ਜ਼ਿਲ੍ਹਾ ਮਾਨਸਾ ਵਿੱਚ ਇਸ ਵਿੰਗ ਦੀਆਂ ਹੇਠ ਲਿਖੀਆਂ ਅਸਾਮੀਆਂ ਕੰਮ ਕਰ ਰਹੀਆਂ ਹਨ:-

1. **ਉੱਪ ਮੰਡਲ ਮਾਨਸਾ**

    ਉੱਪ ਮੰਡਲ ਅਫ਼ਸਰ (ਪਰ) ਮਾਨਸਾ

    ਜ਼ਿਲ੍ਹਾ ਪ੍ਰੀਸ਼ਦ ਕੰਪਲੈਕਸ ਮਾਨਸਾ

    ਟੈਲੀਫੋਨ ਨੰ: 227258

2. **ਉੱਪ ਮੰਡਲ ਸਰਦੂਲਗੜ੍ਹ**

    ਉੱਪ ਮੰਡਲ ਅਫ਼ਸਰ (ਪਰ) ਮਾਨਸਾ ਨਾਲ ਅਟੈਚ ਹੈ ।

3. **ਉਪ ਮੰਡਲ ਬੁਢਲਾਡਾ**

    ਉੱਪ ਮੰਡਲ ਅਫ਼ਸਰ (ਪਰ) ਬੁਢਲਾਡਾ

    ਮਾਰਫਤ ਬੀ.ਡੀ.ਪੀ.ਓ. ਦਫ਼ਤਰ

    ਬੁਢਲਾਡਾ

    ਟੈਲੀਫੋਨ ਨੰ: 253030

ਉਪਰੋਕਤ ਤੋਂ ਇਲਾਵਾ ਹਰੇਕ ਬਲਾਕ ਵਿੱਚ **2-2** ਜੂਨੀਅਰ ਇੰਜੀਨੀਅਰਾਂ ਦੀਆਂ ਅਸਾਮੀਆਂ ਕੰਮ ਕਰ ਰਹੀਆਂ ਹਨ ।

ਪੰਜਾਬ ਸਰਕਾਰ ਵਲੋਂ ਵਿਕਾਸ ਦੇ ਕੰਮ ਕਰਾਉਣ ਲਈ ਸਮੇਂ ਸਮੇਂ ਸਿਰ ਜ਼ਿਲ੍ਹਾ ਯੋਜਨਾ ਬੋਰਡ ਦੁਆਰਾ ਗਰਾਂਟਾਂ ਜਾਰੀ ਕੀਤੀਆਂ ਜਾਂਦੀਆਂ ਹਨ, ਇਨ੍ਹਾਂ ਗਰਾਂਟਾਂ ਨਾਲ ਗਰਾਮ ਪੰਚਾਇਤਾਂ ਦੁਆਰਾ ਕਰਵਾਏ ਜਾਂਦੇ ਕੰਮਾਂ ਵਿੱਚ ਇੰਜੀਨੀਅਰਿੰਗ ਵਿੰਗ ਵਲੋਂ ਤਕਨੀਕੀ ਸੇਧ ਦਿੱਤੀ ਜਾਂਦੀ ਹੈ ਅਤੇ ਮੌਕੇ ਤੇ ਕਰਵਾਏ ਕੰਮਾਂ ਦਾ ਮਿਣਤੀ ਦੀ ਕਿਤਾਬ ਵਿੱਚ ਇੰਦਰਾਜ ਕਰਕੇ ਮੁਲਾਂਕਣ ਕੀਤਾ ਜਾਂਦਾ ਹੈ ਜਿਸ ਦੇ ਅਧਾਰ ਤੇ ਇਹ ਚੈਕ ਹੁੰਦਾ ਹੈ ਕਿ ਗਰਾਂਟ ਨਾਲ ਕਰਵਾਇਆ ਗਿਆ ਕੰਮ ਪੂਰਾ ਹੁੰਦਾ ਹੈ ।

ਜ਼ਿਲ੍ਹਾ ਯੋਜਨਾ ਬੋਰਡ/ਸਰਕਾਰ ਦੁਆਰਾ ਪੰਚਾਇਤਾਂ ਨੂੰ ਜਾਰੀ ਗਰਾਂਟਾਂ ਅਨੁਸਾਰ ਅਨੁਮਾਨ ਤਿਆਰ ਕਰਕੇ ਦਿੱਤੇ ਜਾਂਦੇ ਹਨ, ਪੰਚਾਇਤਾਂ ਨੂੰ ਮਿਲੀਆਂ ਗਰਾਂਟਾਂ ਅਤੇ ਪੰਚਾਇਤਾਂ ਦੇ ਆਪਣੇ ਸੋਮਿਆਂ ਤੋਂ ਪ੍ਰਾਪਤ ਫੰਡਾਂ ਅਨੁਸਾਰ ਕੰਮ ਕਰਾਉਣ ਲਈ ਵੱਖ ਵੱਖ ਅਧਿਕਾਰੀਆਂ ਦੀ ਤਕਨੀਕੀ ਪ੍ਰਵਾਨਗੀ ਦੇਣ ਦੀ ਸਮਰੱਥਾ ਹੇਠ ਲਿਖੇ ਅਨੁਸਾਰ ਹੈ :-

| | | |
|---|---|---|
| 1. | ਜੇ.ਈ. | 0.20 ਲੱਖ |
| 2. | ਈ.ਏ.ਈ. | 0.50 ਲੱਖ |
| 3. | ਉਪ ਮੰਡਲ ਅਫ਼ਸਰ | 1.00 ਲੱਖ |
| 4. | ਐਕਸੀਅਨ | 1.00 ਲੱਖ ਤੋਂ ਉਪਰ |

ਉੱਪ ਮੰਡਲ ਅਫਸਰਾਂ ਵੱਲੋਂ ਫੀਲਡ ਵਿੱਚ ਚਲ ਰਹੇ ਕੰਮਾਂ ਦੀ ਤਕਨੀਕੀ ਚੈਕਿੰਗ ਕੀਤੀ ਜਾਂਦੀ ਹੈ ਅਤੇ ਕੰਮਾਂ ਦੇ ਮਿਆਰ ਨੂੰ ਵਧੀਆ ਰੱਖਣ ਲਈ ਜੇ. ਈ./ ਪੰਚਾਇਤ ਸਕੱਤਰ ਨੂੰ ਤਕਨੀਕੀ ਸਲਾਹ ਦਿੱਤੀ ਜਾਂਦੀ ਹੈ। ਕਾਰਜਕਾਰੀ ਇੰਜੀਨੀਅਰ, ਪੰਚਾਇਤੀ ਰਾਜ ਵੱਲੋਂ ਸਮੇ-ਸਮੇਂ ਬਾਹਰ ਫੀਲਡ ਵਿੱਚ ਚਲ ਰਹੇ ਕੰਮਾਂ ਦੀ ਪ੍ਰਗਤੀ ਰਿਵੀਊ ਕੀਤੀ ਜਾਂਦੀ ਹੈ ਅਤੇ ਉੱਪ ਮੰਡਲ ਅਫ਼ਸਰ (ਪਰ) ਦੀ ਸਮਰੱਥਾ ਤੋਂ ਵੱਧ ਦੇ ਅਨੁਮਾਨਾਂ ਦੀ ਤਕਨੀਕੀ ਪ੍ਰਵਾਨਗੀ ਦਿੱਤੀ ਜਾਂਦੀ ਹੈ ਜਿਲ੍ਹਾ ਪੱਧਰ ਤੇ ਸਮੇਂ-ਸਮੇਂ ਸਿਰ ਹੋਣ ਵਾਲੀਆਂ ਵਿਕਾਸ ਦੀਆਂ ਮੀਟਿੰਗਾਂ ਵਿੱਚ ਸ਼ਾਮਲ ਹੋ ਕੇ ਵਿਸਤ੍ਰਿਤ ਰਿਪੋਰਟ ਪੇਸ਼ ਕੀਤੀ ਜਾਂਦੀ ਹੈ। ਪੂਰੇ ਜਿਲ੍ਹੇ ਵਿੱਚ ਚੱਲ ਰਹੇ ਵਿਕਾਸ ਦੇ ਕੰਮਾਂ ਦੀ ਪ੍ਰਗਤੀ ਬਾਰੇ ਰੀਵਿਉ ਕਰਨ ਲਈ ਉੱਪ ਮੰਡਲ ਅਫਸਰਾਂ ਨਾਲ ਤਾਲਮੇਲ ਕਰਕੇ ਕਰਾਏ ਜਾ ਰਹੇ ਕੰਮਾਂ ਦਾ ਸਮੇਂ-ਸਮੇਂ ਸਿਰ ਨਿਰੀਖਣ ਕੀਤਾ ਜਾਂਦਾ ਹੈ।

ਪੰਚਾਇਤਾਂ ਦੀ ਸਮੱਰਥਾ ਤੋਂ ਉੱਪਰ ਵਾਲੇ ਦਿਹਾਤੀ ਵਿਕਾਸ ਦੇ ਕੰਮ ਕਾਰਜਕਾਰੀ ਇੰਜੀਨੀਅਰ, ਪੰਚਾਇਤੀ ਰਾਜ ਦੀ ਨਿਗਰਾਨੀ ਹੇਠ ਵਿਭਾਗੀ ਨਿਯਮਾਂ ਅਨੁਸਾਰ ਕਰਵਾਏ ਜਾਂਦੇ ਹਨ।

ਪਿੰਡਾਂ ਵਿੱਚ ਵਿਕਾਸ ਦੇ ਕਰਵਾਏ ਜਾਣ ਵਾਲੇ ਕੰਮਾਂ ਲਈ ਲੋੜੀਂਦੇ ਫੰਡਜ ਪ੍ਰਾਪਤ ਕਰਨ ਲਈ ਪੰਚਾਇਤਾਂ ਵੱਲੋਂ ਡਿਪਟੀ ਕਮਿਸ਼ਨਰ ਮਾਨਸਾ ਜਾਂ ਵਿਧਾਇਕ ਸਾਹਿਬਾਨਾਂ ਨੂੰ ਪ੍ਰਤੀ ਬੇਨਤੀ ਕੀਤੀ ਜਾਂਦੀ ਹੈ ਅਤੇ ਉਹਨਾਂ ਦੀ ਮੰਗ ਅਨੁਸਾਰ ਅਨੁਮਾਨ ਤਿਆਰ ਕਰਕੇ ਦਿੱਤੇ ਜਾਂਦੇ ਹਨ, ਜਿਸ ਅਨੁਸਾਰ ਫੰਡਜ ਰਿਲੀਜ ਹੁੰਦੇ ਹਨ।